**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ**

ਬਲਾਕ-ਈ, ਛੇਵੀਂ ਮੰਜ਼ਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿੱ),
ਸਮੂਹ SOE ਸਕੂਲ ਮੁੱਖੀ,
ਪੰਜਾਬ।

ਮੀਮੋ ਨੰ : SCERT-EXAM0GENL/7/2023-SDP-SCERT/615441/78-83/389-394
ਮਿਤੀ : ਐਸ.ਏ.ਐਸ ਨਗਰ, 14 -05-2024.

**ਵਿਸ਼ਾ:- ਅਕਾਦਮਿਕ ਸਾਲ 2024-25 ਲਈ School of Eminence (SOE) ਵਿੱਚ 9ਵੀਂ ਜਮਾਤ ਵਿੱਚ ਦਾਖਲੇ ਅਤੇ ਕਾਊਂਸਲਿੰਗ ਹਿੱਤ ਹਦਾਇਤਾਂ ਸੰਬੰਧੀ।**

1.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਅਕਾਦਮਿਕ ਸਾਲ 2024-25 ਲਈ 118 School of Eminence (SOE) ਵਿੱਚ 9ਵੀ ਜਮਾਤ ਵਿੱਚ ਦਾਖਲੇ ਸੰਬੰਧੀ ਮਿਤੀ 30.03.2024 ਨੂੰ ਪ੍ਰੀਖਿਆ ਕਰਵਾਈ ਗਈ ਸੀ, ਜਿਸ ਦਾ ਨਤੀਜਾ ਮਿਤੀ 16-04-2024 ਨੂੰ ਘੋਸ਼ਿਤ ਕੀਤਾ ਗਿਆ ਹੈ।

2.0 118 SOE ਸਕੂਲਾਂ ਵਿੱਚ 9ਵੀਂ ਜਮਾਤ ਵਿੱਚ ਦਾਖਲੇ ਲਈ ਕਾਊਸਲਿੰਗ ਮਿਤੀ 24.04.2024 ਤੋਂ ਹਰੇਕ SOE ਸਕੂਲ ਵਿਖੇ ਸ਼ੁਰੂ ਕੀਤੀ ਗਈ ਸੀ।

3.0 ਕਾਊਸਲਿੰਗ ਦੌਰਾਨ ਹੋਏ ਦਾਖਲਿਆਂ ਤੋਂ ਸਪੱਸ਼ਟ ਹੁੰਦਾ ਹੈ ਕਿ SOE ਸਕੂਲਾਂ ਵਿੱਚ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਸੀਟਾਂ ਖਾਲੀ ਰਹਿ ਗਈਆਂ ਹਨ ਇਹਨਾਂ ਖਾਲੀ ਸੀਟਾਂ ਨੂੰ ਨਿਮਨ-ਅਨੁਸਾਰ ਭਰਿਆ ਜਾਵੇ:-

i. ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਜੇਕਰ ਉਸ SOE ਸਕੂਲ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਨਾਲ ਲਗਦੇ SOE ਸਕੂਲਾਂ ਦੇ ਇਸੇ ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਵਿੱਚੋਂ ਇਹ ਖਾਲੀ ਸੀਟਾਂ ਭਰਨ ਸੰਬੰਧੀ ਕਾਰਵਾਈ ਕੀਤੀ ਜਾਵੇ।

ii. ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਦੀਆਂ ਕੈਟਾਗਿਰੀ ਦੀਆਂ ਖਾਲੀ ਸੀਟਾਂ ਨੂੰ ਸਰਕਾਰੀ ਸਕੂਲਾਂ ਦੇ ਉਸੇ ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਦਿੱਤੀਆ ਜਾਣ,ਜਿਸ ਕੈਟਾਗਿਰੀ ਲਈ ਇਹ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀਆਂ ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਉਦਾਹਰਣ ਲਈ ਪ੍ਰਾਈਵੇਟ

Scanned with OKEN Scanner

ਸਕੂਲਾਂ ਦੇ ਵਿਦਿਆਰਥੀਆਂ ਦੀਆਂ General, SC, EWS ਅਤੇ PH ਕੈਟਾਗਿਰੀ ਦੀਆਂ ਖਾਲੀ ਸੀਟਾਂ ਨੂੰ ਸਰਕਾਰੀ ਸਕੂਲਾਂ ਦੇ General, SC, EWS ਅਤੇ PH ਕੈਟਾਗਿਰੀ ਦੇ ਵਿਦਿਆਰਥੀਆਂ ਨੂੰ ਹੀ ਦਿੱਤੀਆ ਜਾਣ।

iii. ਜੇਕਰ ਕਿਸੇ ਵੀ ਕੈਟਾਗਿਰੀ ਦੀਆਂ ਖਾਲੀ ਸੀਟਾਂ ਲਈ ਜੇਕਰ ਉਸ ਸਕੂਲ ਦਾ ਜਾਂ ਨਾਲ ਲਗਦੇ ਸਕੂਲ ਦਾ ਕੋਈ ਵੀ ਕੁਆਲੀਫਾਈ ਵਿਦਿਆਰਥੀ ਉਪਲੱਬਧ ਨਹੀਂ ਹੈ ਤਾਂ ਕੁੱਲ ਖਾਲੀ ਸੀਟਾਂ ਵਿੱਚੋਂ 19% ਸੀਟਾਂ ਜਨਰਲ (open) ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ, 58% ਸੀਟਾਂ SC ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਅਤੇ 23%ਸੀਟਾਂ BC ਕੈਟਾਗਿਰੀ ਦੇ ਕੁਆਲੀਫਾਈ ਵਿਦਿਆਰਥੀਆਂ ਨੂੰ ਦੇ ਦਿੱਤੀਆਂ ਜਾਣ। ਸੀਟਾਂ ਭਰਨ ਸਮੇਂ ਵਿਦਿਆਰਥੀਆਂ ਦੀ ਮੈਰਿਟ ਦਾ ਧਿਆਨ ਰੱਖਿਆ ਜਾਵੇ।

4.0 ਹਰੇਕ SOE ਸਕੂਲ ਵਿੱਚ ਮਿਤੀ 20-05-2024 ਤੱਕ ਸਾਰੀਆਂ ਸੀਟਾਂ ਭਰ ਲਈਆਂ ਜਾਣ।

ਅਮਨਿੰਦਰ ਕੌਰ,ਪੀ.ਸੀ.ਐਸ.
ਡਾਇਰੈਕਟਰ, ਐਸ.ਸੀ.ਈ.ਆਰ.ਟੀ. ਪੰਜਾਬ।

ਪਿੱਠ ਅੰਕਣ ਨੰ.: ਉਕਤ/78-83/389-395 ਮਿਤੀ:- ਐਸ.ਏ.ਐਸ. ਨਗਰ, 14 -05-2024

ਉਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
5. ਸਮੂਹ ਸਕੂਲ ਮੁੱਖੀਆਂ ਨੂੰ ਦਾਖਲਾ ਪ੍ਰਵੇਸ਼ ਪ੍ਰੀਖਿਆ ਵਿੱਚ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਲਈ ਉਤਸ਼ਾਹਿਤ ਕਰਨ ਅਤੇ ਦਾਖਲਾ ਲੈਣ ਹਿੱਤ ਹਦਾਇਤ ਕੀਤੀ ਜਾਂਦੀ ਹੈ। ਕੋਈ ਸਕੂਲ ਮੁੱਖੀ ਜੇਕਰ ਕੁਆਲੀਫਾਈਡ ਵਿਦਿਆਰਥੀਆਂ ਨੂੰ SOE ਸਕੂਲਾਂ ਵਿੱਚ ਦਾਖਲਾ ਲੈਣ ਤੋਂ ਰੋਕਣ ਦਾ ਯਤਨ ਕਰਦਾ ਪਾਇਆ ਗਿਆ ਤਾਂ ਉਸ ਵਿਰੁੱਧ ਬਣਦੀ ਕਾਰਵਾਈ ਆਰੰਭੀ ਜਾਵੇਗੀ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।

Scanned with OKEN Scanner